Washington State
Department of Social & Health Services
Transforming lives

# DSHS ਦਾ ਗੁਪਤਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ
# ਗਾਹਕ ਦੀ ਡਾਕਟਰੀ ਜਾਣਕਾਰੀ ਲਈ

## DSHS Notice of Privacy Practices for Client Medical Information

## 23 ਸਤੰਬਰ 2013 ਤੋਂ ਪ੍ਰਭਾਵੀ

DSHS ਲਈ ਜ਼ਰੂਰੀ ਹੈ ਕਿ ਉਹ ਤੁਹਾਨੂੰ ਤੁਹਾਡੇ ਹੈਲਥ ਇਨਫਾਰਮੇਸ਼ਨ ਪੋਰਟਾਬਿਲਿਟੀ ਐਂਡ ਅਕਾਉਂਟੇਬਿਲਿਟੀ ਐਕਟ (HIPAA) ਦੇ ਗੁਪਤਤਾ ਹੱਕਾਂ ਬਾਰੇ ਦੱਸੇ। (45 CFR 164.520). DSHS ਇੱਕ "ਹਾਈਬ੍ਰਿਡ ਸੰਸਥਾ" ਹੈ। ਸਾਰਾ DSHS, HIPAA ਦੇ ਤਹਿਤ ਨਹੀਂ ਆਉਂਦਾ ਹੈ, ਸਿਰਫ DSHS ਵੈਬਸਾਈਟ 'ਤੇ ਹੈਲਥ ਕੇਅਰ ਕੰਪੋਨੈਂਟ ਵੱਜੋਂ ਸੂਚੀਬੱਧ ਪ੍ਰੋਗਰਾਮ ਹੀ HIPAA ਦੇ ਤਹਿਤ ਆਉਂਦੇ ਹਨ। ਇਹ ਨੋਟਿਸ ਸਿਰਫ ਉਹਨਾਂ ਗਾਹਕਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੂੰ ਉਹਨਾਂ HIPAA ਤਹਿਤ ਆਉਂਦੇ ਪ੍ਰੋਗਰਾਮਾਂ ਤੋਂ ਸੇਵਾ ਮਿਲਦੀ ਹੈ। ਇਹ ਨੋਟਿਸ DSHS ਸੇਵਾਵਾਂ ਲਈ ਤੁਹਾਡੀ ਯੋਗਤਾ 'ਤੇ ਅਸਰ ਨਹੀਂ ਪਾਉਂਦਾ ਹੈ।

**ਇਹ ਨੋਟਿਸ ਵਰਣਨ ਕਰਦਾ ਹੈ ਕਿ ਤੁਹਾਡੇ ਬਾਰੇ ਡਾਕਟਰੀ ਜਾਣਕਾਰੀ ਨੂੰ ਕਿਵੇ□ ਵਰਤਿਆ ਜਾ ਸਕਦਾ ਹੈ ਅਤੇ ਕਿਵੇਂ ਇਸ ਦਾ ਖੁਲਾਸਾ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਹ ਜਾਣਕਾਰੀ ਕਿਵੇਂ ਲੈ ਸਕਦੇ ਹੋ। ਕਿਰਪਾ ਕਰਕੇ ਇਸ ਦੀ ਧਿਆਨ ਨਾਲ ਪੜਚੋਲ ਕਰੋ।**

**PHI ਕੀ ਹੈ?**

ਸੁਰੱਖਿਅਤ ਕੀਤੀ ਗਈ ਸਿਹਤ ਸਬੰਧੀ ਜਾਣਕਾਰੀ (Protected Health Information - PHI) ਗਾਹਕ ਦੀ ਡਾਕਟਰੀ ਜਾਣਕਾਰੀ ਹੁੰਦੀ ਹੈ ਜੋ HIPAA ਦੇ ਹੇਠਾਂ ਆਉਣ ਵਾਲੇ DSHS ਦੇ ਹਿੱਸਿਆਂ ਕੋਲ ਮੌਜੂਦ ਹੁੰਦੀ ਹੈ। PHI ਤੁਹਾਡੀ ਸਿਹਤ ਦੀ ਸਥਿਤੀ ਜਾਂ ਸਮੱਸਿਆ, ਤੁਹਾਨੂੰ ਮਿਲਣ ਵਾਲੀ ਸਿਹਤ-ਸੰਭਾਲ, ਜਾਂ ਤੁਹਾਡੀ ਸਿਹਤ-ਸੰਭਾਲ ਲਈ ਭੁਗਤਾਨ ਬਾਰੇ ਤੁਹਾਡੇ ਨਾਲ ਜੁੜੀ ਡਾਕਟਰੀ ਜਾਣਕਾਰੀ ਹੁੰਦੀ ਹੈ। ਕਾਨੂੰਨਨ DSHS ਲਈ ਤੁਹਾਡੀ PHI ਦੀ ਰੱਖਿਆ ਕਰਨਾ ਲਾਜ਼ਮੀ ਹੁੰਦਾ ਹੈ।

**DSHS ਕੋਲ ਮੇਰੇ ਬਾਰੇ ਕਿਹੜੀ PHI ਹੁੰਦੀ ਹੈ।**

ਤੁਹਾਨੂੰ ਸੇਵਾ ਦੇਣ ਵਿੱਚ ਸਾਡੀ ਮਦਦ ਕਰਨ ਲਈ, ਤੁਹਾਨੂੰ ਆਪਣੇ ਸਥਾਨ, ਵਿੱਤੀ ਜਾਣਕਾਰੀ ਜਾਂ ਡਾਕਟਰੀ ਰਿਕਾਰਡਾਂ ਸਮੇਤ, ਆਪਣੀ ਡਾਕਟਰੀ ਜਾਂ ਸਿਹਤ ਸਬੰਧੀ ਜਾਣਕਾਰੀ ਸਾਨੂੰ ਦੇਣ ਦੀ ਲੋੜ ਹੋ ਸਕਦੀ ਹੈ। ਸਾਨੂੰ ਦੂਜੇ ਸਰੋਤਾਂ ਤੋਂ ਵੀ ਤੁਹਾਡੇ ਬਾਰੇ PHI ਪ੍ਰਾਪਤ ਹੋ ਸਕਦੀ ਹੈ ਜਿਨ੍ਹਾਂ ਦੀ ਤੁਹਾਨੂੰ ਸੇਵਾ ਦੇਣ ਜਾਂ ਤੁਹਾਡੀ ਦੇਖਭਾਲ ਲਈ ਭੁਗਤਾਨ ਕਰਨ ਵਾਸਤੇ ਲੋੜ ਹੁੰਦੀ ਹੈ।

**ਮੇਰੀ PHI ਕੌਣ ਦੇਖਦਾ ਹੈ?**

ਅਸੀਂ PHI ਦੀ ਉਹ ਸਭ ਤੋਂ ਛੋਟੀ ਮਾਤਰਾ ਦੇਖਦੇ ਹਾਂ ਜਿਸਦੀ ਸਾਨੂੰ ਆਪਣੇ ਕੰਮ ਕਰਨ ਲਈ ਲੋੜ ਹੁੰਦੀ ਹੈ। ਜੇ ਕਾਨੂੰਨ ਦੁਆਰਾ ਆਗਿਆ ਹੋਵੇ ਜਾਂ ਤੁਹਾਡੇ ਦੁਆਰਾ ਇਜਾਜ਼ਤ ਦਿੱਤੀ ਗਈ ਹੋਵੇ ਤਾਂ ਅਸੀਂ PHI ਨੂੰ ਦੂਜੇ ਪ੍ਰੋਗਰਾਮਾਂ ਦੇ ਨਾਲ ਸਾਂਝਾ ਕਰ ਸਕਦੇ ਹਾਂ। ਉਦਾਹਰਨ ਲਈ, ਤੁਹਾਡੀ ਸਿਹਤ-ਸੰਭਾਲ ਦਾ ਤਾਲਮੇਲ ਕਰਨ ਅਤੇ ਇਸਦੇ ਲਈ ਭੁਗਤਾਨ ਕਰਨ ਵਾਸਤੇ ਤੁਹਾਡੀ PHI ਹੈਲਥ ਕੇਅਰ ਅਥਾਰਿਟੀ ਅਤੇ ਦੂਜੇ ਸਿਹਤ-ਸੰਭਾਲ ਮੁਹੱਈਆ ਕਰਨ ਵਾਲਿਆਂ ਨੂੰ ਦਿੱਤੀ ਜਾ ਸਕਦੀ ਹੈ ਅਤੇ ਉਹਨਾਂ ਦੁਆਰਾ ਵਰਤੀ ਜਾ ਸਕਦ□ ਹੈ। ਅਸੀਂ ਪਿਛਲੀ, ਵਰਤਮਾਨ ਜਾਂ ਭਵਿੱਖ ਦੀ PHI ਨੂੰ ਦੂਜਿਆਂ ਨਾਲ ਸਾਂਝਾ ਕਰ ਸਕਦੇ ਹਾਂ।

**DSHS ਕਿਹੜੀ PHI ਨੂੰ ਦੂਜਿਆਂ ਨਾਲ ਸਾਂਝਾ ਕਰਦਾ ਹੈ?**

ਅਸੀਂ ਸਿਰਫ ਤੁਹਾਡੀ ਉਸ PHI ਨੂੰ ਦੂਜਿਆਂ ਨਾਲ ਸਾਂਝਾ ਕਰਦੇ ਹਾਂ ਜਿਸਦੀ ਦੂਜਿਆਂ ਨੂੰ ਕੰਮ ਕਰਨ ਲਈ ਲੋੜ ਹੁੰਦੀ ਹੈ ਅਤੇ ਜਿਸਦੀ ਕਾਨੂੰਨ ਦੁਆਰਾ ਆਗਿਆ ਹੁੰਦੀ ਹੈ। ਤੁਸੀਂ ਉਹਨਾਂ ਲੋਕਾਂ ਦੀ ਸੂਚੀ ਮੰਗ ਸਕਦੇ ਹੋ ਜਿਨ੍ਹਾਂ ਨੇ ਉਸੇ ਉਦੇਸ਼ ਲਈ ਤੁਹਾਡੀ PHI ਨੂੰ ਦੇਖਿਆ ਹੈ।

**DSHS ਦੁਆਰਾ PHI ਦੂਜਿਆਂ ਨਾਲ ਕਦੋਂ ਸਾਂਝਾ ਕੀਤਾ ਜਾਂਦਾ ਹੈ?**

ਅਸੀਂ ਸੇਵਾਵਾਂ ਵਿੱਚ ਤਾਲਮੇਲ ਕਰਨ ਅਤੇ ਇਲਾਜ, ਭੁਗਤਾਨ ਅਤੇ ਸਿਹਤ-ਸੰਭਾਲ ਦੇ ਕੰਮਾਂ ਲਈ PHI ਨੂੰ "ਜਾਣਨ ਦੀ ਲੋੜ ਦੇ ਆਧਾਰ" 'ਤੇ ਦੂਜਿਆਂ ਨਾਲ ਸਾਂਝਾ ਕਰਦੇ ਹਾਂ। ਉਦਾਹਰਨ ਲਈ, ਅਸੀਂ ਜਾਣਕਾਰੀ ਨੂੰ ਇਹ ਫੈਸਲਾ ਕਰਨ ਲਈ ਸਾਂਝਾ ਕਰ ਸਕਦੇ ਹਾਂ ਕਿ ਕੀ:

- ਡਾਕਟਰੀ ਇਲਾਜ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ।
- ਅਸੀਂ ਭੁਗਤਾਨ ਸਿਹਤ-ਸੰਭਾਲ ਮੁਹੱਈਆ ਕਰਨ ਵਾਲਿਆਂ ਦੁਆਰਾ ਸੇਵਾਵਾਂ ਲਈ ਭੁਗਤਾਨ ਕਰ ਸਕਦੇ ਹਾਂ।
- ਤੁਸੀਂ DSHS ਪ੍ਰੋਗਰਾਮ ਲਈ ਯੋਗਤਾ ਪੂਰੀ ਕਰਦੇ ਹੋ।
- ਮੁਹੱਈਆ ਕਰਨ ਵਾਲਿਆਂ ਤੋਂ ਤੁਹਾਨੂੰ ਮਿਲਣ ਵਾਲੀ ਦੇਖਭਾਲ ਕਾਨੂੰਨੀ ਮਿਆਰਾਂ ਨੂੰ ਪੂਰਾ ਕਰਦੀ ਹੈ।

**ਕੀ ਮੈਂ ਆਪਣੀ PHI ਦੇਖ ਸਕਦਾ/ਸਕਦੀ ਹਾਂ?**

ਤੁਸੀਂ ਆਪਣੀ PHI ਦੇਖ ਸਕਦੇ ਹੋ। ਜੇ ਤੁਸੀਂ ਮੰਗਦੇ ਹੋ, ਤਾਂ ਤੁਹਾਨੂੰ ਆਪਣੀ PHI ਦੀ ਇੱਕ ਕਾਪੀ ਮਿਲੇਗੀ। DSHS ਕਾਪੀਆਂ ਲਈ ਤੁਹਾਡੇ ਤੋਂ ਮੁੱਲ ਲੈ ਸਕਦਾ ਹੈ।

**ਕੀ ਮੈਂ ਆਪਣੀ PHI ਬਦਲ ਸਕਦਾ/ਸਕਦੀ ਹਾਂ?**

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ PHI ਗਲਤ ਹੈ, ਤਾਂ ਤੁਸੀਂ ਸਾਨੂੰ PHI ਨੂੰ ਬਦਲਣ ਜਾਂ ਨਵੀਂ PHI ਜੋੜਨ ਵਾਸਤੇ ਕਹਿ ਸਕਦੇ ਹੋ। ਤੁਸੀਂ ਇਹ ਵੀ ਕਹਿ ਸਕਦੇ ਹੋ ਕਿ ਅਸੀਂ ਕੋਈ ਵੀ ਤਬਦੀਲੀਆਂ ਉਹਨਾਂ ਦੂਜੇ ਲੋਕਾਂ ਨੂੰ ਭੇਜੀਏ ਜਿਨ੍ਹਾਂ ਕੋਲ ਤੁਹਾਡੀ PHI ਦੀਆਂ ਕਾਪੀਆਂ ਹਨ।

**ਜੇ ਕਿਸੇ ਹੋਰ ਨੂੰ ਮੇਰੀ PHI ਦੀ ਲੋੜ ਹੋਵੇ ਤਾਂ?**

ਸਾਨੂੰ ਤੁਹਾਡੀ PHI ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਇਜਾਜ਼ਤ ਦੇਣ ਲਈ ਤੁਹਾਨੂੰ ਇੱਕ ਫਾਰਮ 'ਤੇ ਦਸਤਖਤ ਕਰਨ ਲਈ ਕਿਹਾ ਜਾ ਸਕਦਾ ਹੈ ਜੇ:

- ਸੇਵਾ ਜਾਂ ਦੇਖਭਾਲ ਮੁਹੱਈਆ ਕਰਨ ਲਈ ਸਾਨੂੰ ਤੁਹਾਡੀ ਇਜਾਜ਼ਤ ਦੀ ਲੋੜ ਹੈ;
- ਤੁਸੀਂ ਚਾਹੁੰਦੇ ਹੋ ਕਿ ਅਸੀਂ ਅਜਿਹੇ ਕਾਰਨਾਂ ਕਰਕੇ, ਜਿਨ੍ਹਾਂ ਲਈ ਕਾਨੂੰਨ ਦੁਆਰਾ ਤੁਹਾਡੀ ਇਜਾਜ਼ਤ ਦੇ ਬਿਨਾਂ ਆਗਿਆ ਨਹੀਂ ਹੈ, ਤੁਹਾਡੀ PHI ਕਿਸੇ ਹੋਰ ਏਜੰਸੀ ਜਾਂ ਪ੍ਰਦਾਤਾ ਨੂੰ ਭੇਜੀਏ;
- ਤੁਸੀਂ ਚਾਹੁੰਦੇ ਹੋ ਕਿ PHI ਕਿਸੇ ਹੋਰ ਨੂੰ ਭੇਜੀ ਜਾਵੇ, ਜਿਵੇਂ ਕਿ ਤੁਹਾਡਾ ਅਟਾਰਨੀ, ਕੋਈ ਰਿਸ਼ਤੇਦਾਰ ਜਾਂ ਕੋਈ ਹੋਰ ਪ੍ਰਤਿਨਿਧੀ।

ਤੁਹਾਡੀ PHI ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਤੁਹਾਡੀ ਇਜਾਜ਼ਤ ਉਸ ਮਿਤੀ ਦੀ ਸਮਾਪਤੀ ਤਕ ਜਾਇਜ਼ ਹੁੰਦੀ ਹੈ ਜੋ ਤੁਸੀਂ ਫਾਰਮ 'ਤੇ ਪਾਉਂਦੇ ਹੋ। ਅਸੀਂ ਸਿਰਫ ਤੁਹਾਡੇ ਦੁਆਰਾ ਸੂਚੀਬੱਧ ਕੀਤੀ ਗਈ PHI ਨੂੰ ਹੀ ਦੂਜਿਆਂ ਨਾਲ ਸਾਂਝਾ ਕਰ ਸਕਦੇ ਹਾਂ। ਤੁਸੀਂ DSHS ਨੂੰ ਲਿਖ ਕੇ ਇਸ ਇਜਾਜ਼ਤ ਨੂੰ ਰੱਦ ਕਰਨ ਜਾਂ ਬਦਲਣ ਲਈ ਕਹਿ ਸਕਦੇ ਹੋ।

**ਕੀ DSHS ਮੇਰੀ PHI ਨੂੰ ਮੇਰੀ ਇਜਾਜ਼ਤ ਦੇ ਬਿਨਾਂ ਦੂਜਿਆਂ ਨਾਲ ਸਾਂਝਾ ਕਰ ਸਕਦਾ ਹੈ?**

DSHS ਕੁਝ ਮਾਮਲਿਆਂ ਵਿੱਚ ਤੁਹਾਡੀ ਇਜਾਜ਼ਤ ਦੇ ਬਿਨਾਂ PHI ਨੂੰ ਦੂਜਿਆਂ ਨਾਲ ਸਾਂਝਾ ਕਰ ਸਕਦਾ ਹੈ। ਕਾਨੂੰਨ ਸਾਨੂੰ ਤੁਹਾਡੀ PHI ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਲੋੜ ਜਾਂ ਆਗਿਆ ਹੋ ਸਕਦੀ ਹੈ। ਕੁਝ ਉਦਾਹਰਨਾਂ ਵਿੱਚ ਸ਼ਾਮਲ ਹਨ:

- ਬੱਚਿਆਂ ਜਾਂ ਬਜ਼ੁਰਗਾਂ ਨਾਲ ਦੁਰਵਿਹਾਰ ਜਾਂ ਅਣਗਹਿਲੀ ਦੀਆਂ ਘਟਨਾਵਾਂ ਦੀ ਬਾਲ ਰੱਖਿਆ ਸੇਵਾਵਾਂ, ਪੁਲਿਸ ਜਾਂ ਦੂਜੀਆਂ ਏਜੰਸੀਆਂ ਨੂੰ ਰਿਪੋਰਟ ਕਰਨੀ।
- ਅਦਾਲਤ ਦੇ ਆਦੇਸ਼ਾਂ ਤਹਿਤ ਰਿਕਾਰਡ ਮੁਹੱਈਆ ਕਰਨੇ।
- ਉਹਨਾਂ ਦੂਜੀਆਂ ਏਜੰਸੀਆਂ ਨੂੰ PHI ਦੇਣੀ ਜੋ DSHS ਦੇ ਕੰਮਾਂ ਦੀ ਪੜਚੋਲ ਕਰਦੀਆਂ ਹਨ।
- PHI ਨੂੰ ਉਹਨਾਂ ਏਜੰਸੀਆਂ ਦੇ ਨਾਲ ਸਾਂਝਾ ਕਰਨਾ ਜੋ ਡਾਕਟਰੀ ਸਹੂਲਤਾਂ ਨੂੰ ਲਾਇਸੈਂਸ ਦਿੰਦੇ ਹਨ ਅਤੇ ਉਹਨਾਂ ਦੀ ਜਾਂਚ ਕਰਦੇ ਹਨ, ਜਿਵੇਂ ਕਿ ਨਰਸਿੰਗ ਹੋਮ ਅਤੇ ਹਸਪਤਾਲ।
- ਤੁਹਾਡੀ ਦੇਖਭਾਲ ਕਰਨ ਲਈ ਜਾਂ ਲੋੜ ਅਨੁਸਾਰ ਇਹ ਨਿਰਧਾਰਤ ਕਰਨ ਲਈ ਕਿ ਕੀ ਤੁਸੀਂ ਸੇਵਾਵਾਂ ਜਾ ਬੈਨਿਫਿਟਾਂ ਦੇ ਯੋਗ ਹੋ, PHI ਨੂੰ ਸੇਵਾ ਮੁਹੱਈਆ ਕਰਨ ਵਾਲਿਆਂ ਜਾਂ ਦੂਜੀਆਂ ਏਜੰਸੀਆਂ ਦੇ ਨਾਲ ਸਾਂਝਾ ਕਰਨਾ।
- ਨਾਬਾਲਗਾਂ ਦੇ ਸਰਪ੍ਰਸਤਾਂ ਦੇ ਮਾਪਿਆਂ ਨੂੰ PHI ਦੇਣੀ।
- ਰਿਸਰਚ ਲਈ PHI ਨੂੰ ਵਰਤਣਾ।
- ਸੰਕਟਕਾਲ ਦੇ ਮਾਮਲੇ ਵਿੱਚ ਜਾਂ ਕਿਸੇ ਆਫ਼ਤ ਵਿੱਚ ਰਾਹਤ ਪਹੁੰਚਾਉਣ ਦੇ ਉਦੇਸ਼ਾਂ ਲਈ PHI ਨੂੰ ਵਰਤਣਾ ਜਾਂ ਇਸ ਦਾ ਖੁਲਾਸਾ ਕਰਨਾ।

**ਕੀ ਮੈਂ ਆਪਣੀ PHI ਨੂੰ ਦੂਜਿਆਂ ਨਾਲ ਸਾਂਝਾ ਕਰਨ 'ਤੇ ਜਾਂ ਮੇਰੇ ਦੁਆਰਾ ਇਸ ਨੂੰ ਪ੍ਰਾਪਤ ਕਰਨ ਦੇ ਤਰੀਕਿਆਂ 'ਤੇ ਸੀਮਾਵਾਂ ਲਗਾ ਸਕਦਾ/ਸਕਦੀ ਹਾਂ?**

ਤੁਸੀਂ ਸਾਨੂੰ ਆਪਣੀ PHI ਨੂੰ ਵਰਤਣ ਜਾਂ ਦੂਜਿਆਂ ਨਾਲ ਸਾਂਝਾ ਕਰਨ 'ਤੇ ਸੀਮਾ ਲਗਾਉਣ ਲਈ ਕਹਿ ਸਕਦੇ ਹੋ ਪਰ ਸਾਡੇ ਲਈ ਸਹਿਮਤ ਹੋਣਾ ਜ਼ਰੂਰੀ ਨਹੀਂ ਹੁੰਦਾ ਹੈ। ਤੁਸੀ□ ਇਹ ਵੀ ਕਹਿ ਸਕਦੇ ਹੋ ਕਿ ਅਸੀਂ ਤੁਹਾਡੀ PHI ਤੁਹਾਨੂੰ ਕਿਸੇ ਵੱਖਰੇ ਰੂਪ ਵਿੱਚ ਜਾਂ ਕਿਸੇ ਵੱਖਰੇ ਸਥਾਨ 'ਤੇ ਭੇਜੀਏ।

**ਉਲੰਘਣਾ ਕੀ ਹੁੰਦੀ ਹੈ?**

ਉਲੰਘਣਾ ਤੁਹਾਡੀ PHI ਦੀ ਅਜਿਹੀ ਵਰਤੋਂ ਜਾਂ ਖੁਲਾਸਾ ਹੁੰਦਾ ਹੈ ਜਿਸਦੀ HIPAA ਦੇ ਤਹਿਤ ਇਜਾਜ਼ਤ ਨਹੀਂ ਹੁੰਦੀ, ਇਸ ਵਿੱਚ ਚੋਰੀ, ਗਲਤੀ ਜਾਂ ਹੈਕਿੰਗ ਦੇ ਦੁਆਰਾ ਨੁਕਸਾਨ ਵੀ ਸ਼ਾਮਲ ਹੈ। ਜੇ HIPAA ਦੇ ਤਹਿਤ ਤੁਹਾਡੀ PHI ਦੀ ਉਲੰਘਣਾ ਹੁੰਦੀ ਹੈ ਤਾਂ ਅਸੀਂ ਡਾਕ ਦੁਆਰਾ ਤੁਹਾਨੂੰ ਸੂਚਿਤ ਕਰਾਂਗੇ।

**ਕੀ ਮੈਂ ਇਸ ਨੋਟਿਸ ਦੀ ਨਕਲ ਲੈ ਸਕਦਾ/ਸਕਦੀ ਹਾਂ?**

ਹਾਂ। ਇਹ ਨੋਟਿਸ ਤੁਹਾਡੇ ਰੱਖਣ ਲਈ ਹੈ। ਜੇ ਤੁਹਾਨੂੰ ਇਹ ਨੋਟਿਸ ਇਲੈਕਟ੍ਰੋਨਿਕ ਤਰੀਕੇ ਨਾਲ ਮਿਲਦਾ ਹੈ, ਤਾਂ ਤੁਸੀਂ ਇੱਕ ਕਾਗਜ਼ੀ ਕਾਪੀ ਮੰਗ ਸਕਦੇ ਹੋ ਅਤੇ ਅਸੀਂ ਤੁਹਾਨੂੰ ਇਹ ਦੇਵਾਂਗੇ।

**ਜੇ PHI ਦੇ ਗੁਪਤਤਾ ਬਣਾਏ ਰੱਖਣ ਦੇ ਤਰੀਕੇ ਬਦਲ ਜਾਂਦੇ ਹਨ ਤਾਂ?**

ਸਾਨੂੰ ਇਸ ਨੋਟਿਸ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਸਾਨੂੰ ਇਸ ਨੋਟਿਸ ਵਿੱਚ ਤਬਦੀਲੀ ਕਰਨ ਦਾ ਹੱਕ ਹੈ। ਜੇ ਕਾਨੂੰਨ ਜਾਂ ਸਾਡੇ ਗੁਪਤਤਾ ਬਣਾਏ ਰੱਖਣ ਦੇ ਤਰੀਕਿਆਂ ਵਿੱਚ ਤਬਦੀਲੀ ਹੁੰਦੀ ਹੈ, ਤਾਂ ਅਸੀਂ ਤੁਹਾਨੂੰ ਨਵੇਂ ਨੋਟਿਸ ਬਾਰੇ ਅਤੇ ਇਸ ਬਾਰੇ ਜਾਣਕਾਰੀ ਭੇਜਾਂਗੇ ਇਹ ਕਿੱਥੇ ਮਿਲੇਗਾ ਜਾਂ ਤੁਹਾਨੂੰ ਇਹ ਭੇਜਾਂਗੇ।

**ਜੇ ਇਸ ਨੋਟਿਸ ਬਾਰੇ ਜਾਂ ਆਪਣੇ PHI ਹੱਕਾਂ ਬਾਰੇ ਮੇਰੇ ਪ੍ਰਸ਼ਨ ਹੋਣ ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?**

ਜੇ ਇਸ ਨੋਟਿਸ ਬਾਰੇ ਤੁਹਾਡੇ ਕੋਈ ਪ੍ਰਸ਼ਨ ਹੋਣ, ਤਾਂ ਤੁਸੀਂ DSHSPrivacyOfficer@dshs.wa.gov 'ਤੇ ਜਾਂ (360) 902-8278 'ਤੇ DSHS ਪ੍ਰਾਈਵੇਸੀ ਆਫਿਸਰ ਨਾਲ ਸੰਪਰਕ ਕਰ ਸਕਦੇ ਹੋ।

**ਮੈਂ ਆਪਣੇ PHI ਗੁਪਤਤਾ ਹੱਕਾਂ ਦੀ ਉਲੰਘਣਾ ਦੀ ਰਿਪੋਰਟ ਕਿਵੇਂ ਕਰਾਂ?**

ਜੇ ਤੁਸੀਂ ਮੰਨਦੇ ਹੋ ਕਿ ਤੁਹਾਡੇ PHI ਗੁਪਤਤਾ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਤੁਸੀਂ ਇਸ ਪਤੇ 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ: DSHS Privacy Officer, Department of Social and Health Services, PO Box 45115, Olympia WA 98504-5115 ਜਾਂ ਈਮੇਲ ਦੁਆਰਾ DSHSPrivacyOfficer@dshs.wa.gov 'ਤੇ। ਜੇ ਤੁਸੀਂ ਸ਼ਿਕਾਇਤ ਦਾਇਰ ਕਰਦੇ ਹੋ, ਤਾਂ DSHS ਤੁਹਾਡੀਆਂ ਸੇਵਾਵਾਂ ਨੂੰ ਬਦਲੇਗਾ ਨਹੀਂ ਜਾਂ ਰੋਕੇਗਾ ਨਹੀਂ ਅਤੇ ਇਹ ਤੁਹਾਡੇ ਵਿਰੁੱਧ ਬਦਲੇ ਦੀ ਕਾਰਵਾਈ ਨਹੀਂ ਕਰ ਸਕਦਾ।

**ਜਾਂ**

ਆਪਣੀ ਸ਼ਿਕਾਇਤ ਔਨਲਾਈਨ ਇਸ ਪਤੇ 'ਤੇ: https://ocrportal.hhs.gov/ocr/cp/complaint_frontpage.jsf ਜਾਂ ਲਿਖਤੀ ਰੂਪ ਵਿੱਚ ਇਸ ਪਤੇ 'ਤੇ ਜਮ੍ਹਾਂ ਕਰੋ: Office for Civil Rights, US Department of Health and Human Services, 200 Independence Avenue, S.W., Room 509F HHH Bldg., Washington, D.C. 20201, ਫੋਨ (800) 368-1019. DSHS ਨੂੰ ਕੋਈ ਵੀ ਸ਼ਿਕਾਇਤ ਦਾਅਵਾ ਕੀਤੀ ਗਈ ਗੁਪਤਤਾ ਦੀ ਉਲੰਘਣਾ ਦੇ 180 ਦਿਨਾਂ ਦੇ ਅੰਦਰ ਕੀਤੀ ਜਾਣੀ ਚਾਹੀਦੀ ਹੈ।